# ਯੁਵਾ ਸਾਹਿਤੀ ਦੇ ਤਹਿਤ ਸਾਹਿਤ ਤੇ ਸਿਨੇਮਾ ਦੇ ਸੰਬੰਧਾਂ ਬਾਰੇ ਹੋਈ ਵਿਚਾਰ-ਚਰਚਾ

ਨਵੀਂ ਦਿੱਲੀ, 11 ਦਸੰਬਰ 2020 : ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਨੌਜਵਾਨਾਂ ਲਈ ਹਰ ਮਹੀਨੇ ਦੇ ਦੂਜੇ ਸ਼ੁਕਰਵਾਰ ਨੂੰ ਹੋਣ ਵਾਲੇ ਪ੍ਰੋਗਰਾਮ 'ਯੁਵਾ ਸਾਹਿਤੀ' ਦੇ ਤਹਿਤ ਇਸ ਵਾਰ ਸਾਹਿਤ ਤੇ ਸਿਨੇਮਾ ਦੇ ਸੰਬੰਧਾਂ ਬਾਰੇ ਵਿਚਾਰ-ਚਰਚਾ ਕੀਤੀ ਗਈ। ਇਸ ਵਿਚ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਖੋਜਾਰਥੀ ਅਤੇ ਸਿਨੇਮਾ ਮਾਹਿਰ ਰਾਜੀਵ ਸ਼ਰਮਾ ਅਤੇ ਖੋਜਾਰਥੀ ਗੌਰਵ ਨੇ ਆਪਣੇ ਵਿਚਾਰ ਰੱਖੇ। ਪੰਜਾਬੀ ਵਿਭਾਗ ਤੋਂ ਹੀ ਖੋਜਾਰਥੀ ਸੰਦੀਪ ਕੌਰ ਨੇ ਇਸਦਾ ਸੰਚਾਲਨ ਕੀਤਾ। ਸਦਨ ਦੇ ਰੀਸਰਚ ਸਕਾਲਰ ਦਵਿੰਦਰ ਸਿੰਘ ਇਸਦੇ ਕਨਵੀਨਰ ਸਨ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿਣ ਤੋਂ ਬਾਅਦ ਪੰਜਾਬੀ ਸਿਨੇਮਾ ਦੇ ਪਰਿਪੇਖ 'ਚ ਬੋਲਦਿਆਂ ਕਿਹਾ ਕਿ ਕੀ ਕਾਰਨ ਹੈ ਜਦਕਿ ਬਾਲੀਵੁੱਡ 'ਚ ਪੰਜਾਬੀਆਂ ਦਾ ਬੋਲਬਾਲਾ ਹੈ ਪਰ ਅਸੀਂ ਪੰਜਾਬੀ ਸਿਨੇਮਾ 'ਚ ਫ਼ਿਲਮਾਂ ਦਾ ਉਹ ਮਿਆਰ ਕਾਇਮ ਨਹੀਂ ਕਰ ਸਕੇ ਜੋ ਬੰਗਾਲੀ ਸਿਨੇਮਾ ਜਾਂ ਦੱਖਣੀ ਭਾਰਤ ਦੀਆਂ ਕਲਾ ਫ਼ਿਲਮਾਂ ਦਾ ਹੈ। ਇਸ ਪੱਖੋਂ ਉਹਨਾਂ ਨੌਜਵਾਨਾਂ ਨੂੰ ਇਸ ਖੇਤਰ 'ਚ ਅੱਗੇ ਆਉਣ ਅਤੇ ਪੰਜਾਬੀ ਸਿਨੇਮਾ ਨੂੰ ਬਿਹਤਰ ਲੀਹਾਂ ਤੇ ਢਾਲਣ ਲਈ ਕਿਹਾ। ਪ੍ਰੋਗਰਾਮ ਦੇ ਕਨਵੀਨਰ ਦਵਿੰਦਰ ਸਿੰਘ ਨੇ ਨੌਜਵਾਨਾਂ ਲਈ ਆਰੰਭ ਕੀਤੇ ਇਸ ਪ੍ਰੋਗਰਾਮ ਦੇ ਮਕਸਦ ਬਾਰੇ ਦੱਸਦਿਆਂ ਪ੍ਰਮੁੱਖ ਵਕਤਿਆਂ ਨਾਲ ਸੰਖੇਪ ਜਾਣ-ਪਛਾਣ ਕਰਾਈ। ਇਸ ਤੋਂ ਬਾਅਦ ਪ੍ਰੋਗਰਾਮ ਦਾ ਸੰਚਾਲਨ ਕਰਦਿਆਂ ਸੰਦੀਪ ਕੌਰ ਨੇ ਯਥਾਰਥ ਦੀ ਪੇਸ਼ਕਾਰੀ ਨਾਲ ਸੰਬੰਧਿਤ ਦੋਵੇਂ ਪ੍ਰਮੁੱਖ ਕਲਾ ਰੂਪ- ਸਾਹਿਤ ਤੇ ਸਿਨੇਮਾ ਅਤੇ ਉਹਨਾਂ ਦੇ ਸੰਬੰਧਾਂ ਬਾਰੇ ਸੰਖਿਪਤ ਪਰੀਚੈ ਦਿੰਦਿਆਂ ਵਕਤਿਆਂ ਨੂੰ ਇਸ ਬਾਰੇ ਚਰਚਾ ਕਰਨ ਲਈ ਸੱਦਾ ਦਿੱਤਾ। ਰਾਜੀਵ ਸ਼ਰਮਾ ਨੇ ਏਸ਼ੀਆ ਦੇ ਬਿਹਤਰੀਨ ਈਰਾਨ ਸਿਨੇਮਾ ਤੋਂ ਆਪਣੀ ਗੱਲ ਸ਼ੁਰੂ ਕਰਦਿਆਂ ਸਿਨੇਮਾ ਦੇ ਇਤਿਹਾਸ ਨੂੰ ਫਰੋਲਿਆ। ਰਾਜੀਵ ਅਨੁਸਾਰ ਸਾਹਿਤ ਦਾ ਆਰੰਭ ਤਾਂ ਸਦੀਆਂ ਪੁਰਾਣਾ ਹੈ ਪਰ ਸਿਨੇਮਾ ਦੀ ਸ਼ੁਰੂਆਤ 20ਵੀਂ ਸਦੀ 'ਚ ਫ਼ਰਾਂਸ 'ਚ ਹੋਈ ਜੋ ਪਹਿਲਾਂ ਕਲਾ ਰੂਪ, ਫਿਰ ਹਾਲੀਵੁੱਡ ਦੇ ਕਮਰਸ਼ੀਅਲ ਸਿਨੇਮਾ ਤੋਂ ਹੁੰਦਾ ਹੋਇਆ ਆਮ ਬੰਦੇ ਦੇ ਦੁੱਖ-ਦਰਦ ਦਾ ਹਾਣੀ ਬਣਿਆ। ਪੰਜਾਬ ਦੇ ਸਿਨੇਮਾ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ ਕਿ ਅਸੀਂ ਅਜੇ ਤਕ ਦਰਸ਼ਕਾਂ ਦੇ ਹਾਣ ਦੇ ਸਿਨੇਮਾ ਦੀ ਸਿਰਜਨਾ ਨਹੀਂ ਕਰ ਸਕੇ। ਇਸ ਲਈ ਡਾਇਰੈਕਟਰ, ਸਾਹਿਤ ਲੇਖਕ ਅਤੇ ਦਰਸ਼ਕ ਵਿਚਕਾਰ ਇਕ ਸੰਤੁਲਿਤ ਸਮਝ ਬਣਾ ਕੇ ਚੱਲਣ ਦੀ ਲੋੜ ਹੈ, ਤੇ ਇਸ ਤੋਂ ਵੀ ਵੱਧ ਸਿਨੇਮਾ ਨੂੰ ਅੱਜ ਦੇ ਸਮੇਂ ਨਾਲ ਜੋੜਨ ਦੀ ਲੋੜ ਹੈ। ਗੌਰਵ ਨੇ ਸਿਨੇਮਾ ਦੀ ਵੱਧ ਮਕਬੂਲੀਅਤ ਤੋਂ ਆਪਣੀ ਗੱਲ ਸ਼ੁਰੂ ਕਰਦਿਆਂ ਸਾਹਿਤ-ਸਿਨੇਮਾ ਦੇ ਆਪਸੀ ਸੰਬੰਧਾਂ ਨੂੰ ਚਿਤਵਿਆ। ਉਨ੍ਹਾਂ ਅਨੁਸਾਰ ਦੋਵਾਂ ਦਾ ਮਕਸਦ ਯਥਾਰਥ ਦੀ ਪੇਸ਼ਕਾਰੀ ਹੈ ਪਰ ਸਾਹਿਤ 'ਚ ਜਿੱਥੇ ਇਹ ਕੰਮ ਸ਼ਬਦਾਂ ਨਾਲ ਹੁੰਦਾ ਹੈ ਉੱਥੇ ਸਿਨੇਮਾ ਇਸ ਨੂੰ ਕੈਮਰੇ ਦੀ ਅੱਖ ਤੋਂ ਪੇਸ਼ ਕਰਦਾ ਹੈ। ਸਾਹਿਤ ਨੂੰ ਸਿਨੇਮਾ 'ਚ ਢਾਲਣ ਲਈ ਸਿਨੇਮਾ ਦੀਆਂ ਕਲਾ ਜੁਗਤਾਂ ਮੁਤਾਬਕ ਇਸ ਵਿਚ ਤਬਦੀਲੀ ਕਰਨੀ ਪੈਂਦੀ ਹੈ ਜਿਸ ਵਿਚ ਕਈ ਵਾਰ ਅੜਿੱਕੇ ਪੇਸ਼ ਆਉਂਦੇ ਹਨ। ਅਸੀਂ ਬਹੁਤ ਘੱਟ ਚੰਗੀਆਂ ਫ਼ਿਲਮਾਂ ਬਣਾ ਸਕੇ ਹਾਂ ਜਦਕਿ ਸਾਡੇ ਕੋਲ ਇਕ ਸੁਦ੍ਰਿੜ੍ਹ ਸਾਹਿਤਕ ਪਰੰਪਰਾ ਦੇ ਨਾਲ ਨਾਲ ਅਨੇਕਾਂ ਵਰਗਾਂ ਦੀਆਂ ਸਮੱਸਿਆਵਾਂ ਵੀ ਹਨ। ਇਸ ਲਈ ਲੋੜ ਹੈ ਸਾਹਿਤਕਾਰ, ਦਰਸ਼ਕ ਤੇ ਫ਼ਿਲਮਸਾਜ਼ ਇਸ ਸੰਬੰਧੀ ਵਿਚਾਰ ਕਰਨ ਤਾਂ ਜੋ ਅਸੀਂ ਬਿਹਤਰੀਨ ਕਲਾ ਫ਼ਿਲਮਾਂ ਦਾ ਨਿਰਮਾਣ ਕਰ ਸਕੀਏ। ਅਖ਼ੀਰ 'ਚ ਡਾ. ਰਵੇਲ ਸਿੰਘ ਨੇ ਨੌਜਵਾਨ ਸਾਹਿਤ ਚਿੰਤਕਾਂ ਵੱਲੋਂ ਇਸ ਬਾਰੇ 'ਚ ਕੀਤੀਆਂ ਨਵੀਆਂ ਗੱਲਾਂ ਨੂੰ ਤਸਦੀਕ ਕਰਦਿਆਂ ਇਸ ਨਵੇਂ ਰੁਝਾਨ ਨੂੰ ਸਾਰਥਕ ਦੱਸਿਆ ਅਤੇ ਇਸ ਆਨਲਾਈਨ ਪ੍ਰੋਗਰਾਮ ਨਾਲ ਜੁੜੇ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧✧



ਡਾ. ਮਹਿੰਦਰ ਸਿੰਘ



ਰਾਜੀਵ ਸ਼ਰਮਾ



ਗੌਰਵ



ਸੰਦੀਪ ਕੌਰ



ਦਵਿੰਦਰ ਸਿੰਘ



ਡਾ. ਰਵੇਲ ਸਿੰਘ